# ਪਿੱਠਭੂਮੀ 2

ਤੁਰੰਤ ਜਾਰੀ ਕਰਨ ਲਈ
28 ਫ਼ਰਵਰੀ, 2023

ਵਿੱਤ ਮੰਤਰਾਲਾ

## ਕਿਫ਼ਾਇਤੀ ਅਤੇ ਪਹੁੰਚਯੋਗ ਹਾਊਸਿੰਗ ਵਿੱਚ ਨਿਵੇਸ਼

ਮਹਾਂਮਾਰੀ ਤੋਂ ਬਾਅਦ, ਬੀ.ਸੀ. ਦੀਆਂ ਹਾਊਸਿੰਗ ਅਤੇ ਰੈਂਟਲ (ਰਿਹਾਇਸ਼ਾਂ ਅਤੇ ਕਿਰਾਏ ਦੇ ਘਰ) ਮਾਰਕਿਟਾਂ ਵਿੱਚ ਨਵੀਂ ਤੰਗੀ ਦੇ ਕਾਰਨ ਲੋਕਾਂ ਅਤੇ ਪਰਿਵਾਰਾਂ ਨੂੰ ਆਪਣੇ ਉਹਨਾਂ ਭਾਈਚਾਰਿਆਂ ਵਿੱਚ ਘਰ ਲੱਭਣਾ ਹੋਰ ਵੀ ਮੁਸ਼ਕਲ ਹੋ ਗਿਆ ਹੈ, ਜਿੱਥੇ ਉਹ ਰਹਿੰਦੇ ਹਨ, ਕੰਮ ਕਰਦੇ ਹਨ, ਪੜ੍ਹਦੇ ਅਤੇ ਖੇਡਦੇ ਹਨ। ਬੱਜਟ 2023 ਇਸ ਟੀਚੇ ਨਾਲ ਨਿਵੇਸ਼ ਕਰ ਰਿਹਾ ਹੈ ਅਤੇ ਇੱਕ ਨਵੀਨਤਮ ਹਾਊਸਿੰਗ ਯੋਜਨਾ ਲਈ ਬੁਨਿਆਦ ਤਿਆਰ ਕਰ ਰਿਹਾ ਹੈ, ਤਾਂ ਜੋ ਲੋਕ ਆਪਣੀ ਪਹੁੰਚ ਅਨੁਸਾਰ ਆਪਣੇ ਘਰਾਂ ਵਿੱਚ ਰਹਿ ਸਕਣ।

### ਅਸੀਂ ਪਹਿਲਾਂ ਕਿੱਥੇ ਸੀ

2018 ਵਿੱਚ, ਨਵੇਂ ਘਰ ਬਣਾਉਣ ਵਿੱਚ ਬੇਤਹਾਸ਼ਾ ਸਪੈਕਿਉਲੇਸ਼ਨ (ਸੱਟੇਬਾਜ਼ੀ) ਅਤੇ ਕਈ ਸਾਲਾਂ ਦੇ ਘੱਟ ਨਿਵੇਸ਼ ਕਾਰਨ ਘਰਾਂ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਸਨ। ਬੀ.ਸੀ. ਲਈ ਘਰ: ਬ੍ਰਿਟਿਸ਼ ਕੋਲੰਬੀਆ ਵਿੱਚ ਹਾਊਸਿੰਗ ਅਫੋਰਡੇਬਿਲਿਟੀ ਲਈ ਇੱਕ 30-ਪੁਆਇੰਟ ਪਲੈਨ ਨੇ ਹਾਊਸਿੰਗ ਦੀ ਕਿਫ਼ਾਇਤ ਨੂੰ ਹੱਲ ਕਰਨ ਲਈ ਸੂਬੇ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦਾ ਪਹਿਲਾ ਪੜਾਅ ਤੈਅ ਕੀਤਾ ਹੈ। ਅਗਲੇ 10 ਸਾਲਾਂ ਵਿੱਚ ਨਵੇਂ ਘਰ ਬਣਾਉਣ ਲਈ $7 ਬਿਲੀਅਨ ਦੇ ਸ਼ੁਰੂਆਤੀ ਨਿਵੇਸ਼ ਨਾਲ – ਜੋ ਬੀ.ਸੀ. ਦੇ ਅੱਜ ਤੱਕ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਹਾਊਸਿੰਗ ਨਿਵੇਸ਼ ਹੈ - ਇਸ ਯੋਜਨਾ ਵਿੱਚ ਬੇਹੱਦ ਤੇਜ਼ੀ ਨਾਲ ਭਖ ਰਹੀ ਹਾਊਸਿੰਗ ਮਾਰਕਿਟ ਨੂੰ ਮੱਧਮ ਕਰਨ, ਟੈਕਸ ਦੀ ਧੋਖਾਧੜੀ ਅਤੇ ਕਮੀਆਂ ਨੂੰ ਖਤਮ ਕਰਨ, ਸੱਟੇਬਾਜ਼ੀ ਨੂੰ ਰੋਕਣ ਅਤੇ ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਲਈ ਸੁਰੱਖਿਆ ਪ੍ਰਦਾਨ ਕਰਨ ਦੇ ਉਪਾਅ ਵੀ ਸ਼ਾਮਲ ਹਨ।

ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਸੂਬੇ ਨੇ 40,000 ਤੋਂ ਵੱਧ ਨਵੇਂ ਕਿਫ਼ਾਇਤੀ ਘਰਾਂ ਲਈ ਫੰਡ ਦਿੱਤੇ ਹਨ, ਅਤੇ ਵੱਡੀ ਮਾਤਰਾ ਵਿੱਚ ਘਰਾਂ ਦੀ ਸ਼ੁਰੂਆਤ ਹੁੰਦੀ ਦੇਖੀ ਹੈ, ਅਤੇ ਹਜ਼ਾਰਾਂ ਖਾਲੀ ਪਏ ਘਰ ਰੈਂਟਲ ਮਾਰਕਿਟ ਵਿੱਚ ਵਾਪਸ ਆਏ ਹਨ, ਜਿਸ ਵਿੱਚ ਕੁੱਝ ਹੱਦ ਤੱਕ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ ਦਾ ਯੋਗਦਾਨ ਹੈ।

### ਇੱਕ ਨਵੀਨਤਮ ਹਾਊਸਿੰਗ ਕਾਰਜਨੀਤੀ

'ਹੋਮਜ਼ ਫੌਰ ਬੀ.ਸੀ.' ਯੋਜਨਾ 'ਤੇ ਕੰਮ ਕਰਦੇ ਹੋਏ, ਹਾਊਸਿੰਗ ਮਾਰਕਿਟ ਵਿੱਚ ਨਵੀਂ ਤੰਗੀ ਨਾਲ ਨਜਿੱਠਣ ਲਈ, ਬੀ.ਸੀ. ਦੀ ਇਹ ਨਵੀਨਤਮ ਹਾਊਸਿੰਗ ਯੋਜਨਾ ਬਸੰਤ 2023 ਵਿੱਚ ਜਾਰੀ ਕੀਤੀ ਜਾਵੇਗੀ। ਇਹ ਯੋਜਨਾ ਆਪਣੇ ਅਗਲੇ ਕਦਮਾਂ ਦੀ ਰੂਪਰੇਖਾ ਤਿਆਰ ਕਰੇਗੀ, ਜਿਸ ਮੁਤਾਬਕ ਇਹ ਯਕੀਨੀ ਬਣਾਇਆ ਜਾਵੇਗਾ ਕਿ ਬੀ.ਸੀ. ਕੋਲ ਪਹੁੰਚਯੋਗ ਰਿਹਾਇਸ਼ਾਂ ਹਨ ਅਤੇ ਹਰ ਕਿਸੇ ਕੋਲ 'ਘਰ' ਕਹਿ ਸਕਣ ਵਾਲੀ ਰਹਿਣ ਦੀ ਜਗ੍ਹਾ ਹੈ।

ਬੱਜਟ 2023 ਕਿਰਾਏਦਾਰਾਂ, ਮੱਧ ਆਮਦਨ ਵਾਲੇ ਲੋਕਾਂ, ਇੰਡੀਜਨਸ ਲੋਕਾਂ ਅਤੇ ਵਿਦਿਆਰਥੀਆਂ ਲਈ ਹਜ਼ਾਰਾਂ ਨਵੇਂ ਘਰ ਬਣਾਉਣ ਲਈ ਅਗਲੇ ਤਿੰਨ ਸਾਲਾਂ ਵਿੱਚ ਓਪਰੇਟਿੰਗ ਅਤੇ ਕੈਪਿਟਲ ਫੰਡ (ਸੰਚਾਲਨ ਅਤੇ ਪੂੰਜੀਗਤ ਫੰਡ ਸਹਾਇਤਾ) ਵਿੱਚ $4.2 ਬਿਲੀਅਨ ਨਾਲ ਇਸ ਨਵੀਨਤਮ ਹਾਊਸਿੰਗ ਯੋਜਨਾ ਵਿੱਚ ਮਦਦ ਕਰਦਾ ਹੈ, ਅਤੇ ਨਾਲ ਹੀ ਪਬਲਿਕ ਯਾਤਾਯਾਤ 'ਤੇ ਅਧਾਰਿਤ ਵਿਕਾਸ ਲਈ, ਵਧੇਰੇ ਕੌਂਪਲੈਕਸ ਕੇਅਰ ਅਤੇ ਸੁਪੋਰਟਿਵ ਹਾਊਸਿੰਗ ਲਈ ਫੰਡਿੰਗ ਮੁਹਈਆ ਕਰਾਉਂਦਾ ਹੈ।

### ਹੋਰ ਨਵੇਂ ਘਰ ਬਣਾਉਣਾ ਅਤੇ ਪੁਰਾਣੇ ਘਰ ਉਪਲਬਧ ਕਰਨਾ

ਵਧਦੀ ਆਬਾਦੀ ਦੇ ਨਾਲ, ਬੀ.ਸੀ. ਵਿੱਚ ਅੱਜ ਹਾਊਸਿੰਗ ਅਤੇ ਰੈਂਟਲ ਮਾਰਕਿਟ ਦੀ ਤੰਗੀ ਨੂੰ ਹੱਲ ਕਰਨ ਲਈ ਹੋਰ ਵਧੇਰੇ ਘਰਾਂ ਦੀ ਲੋੜ ਹੈ ਅਤੇ ਭਵਿੱਖ ਲਈ ਕਿਫ਼ਾਇਤੀ ਹਾਊਸਿੰਗ ਦੀ ਸਪਲਾਈ ਜਾਰੀ ਰਹਿਣੀ ਚਾਹੀਦੀ ਹੈ। ਬੱਜਟ 2023, ਹੋਰ ਨਵੇਂ ਘਰਾਂ ਦੀ

ਉਸਾਰੀ ਵਿੱਚ ਮਦਦ ਕਰਨ ਲਈ ਬਹੁਤ ਅਹਿਮ ਨਿਵੇਸ਼ ਕਰ ਰਿਹਾ ਹੈ, ਤਾਂ ਜੋ ਸੂਬੇ ਭਰ ਵਿੱਚ ਵਧੇਰੇ ਕਿਫ਼ਾਇਤੀ, ਅਤੇ ਪਹੁੰਚਯੋਗ ਘਰ ਉਪਲਬਧ ਕਰਾਉਣੇ ਅਸਾਨ ਹੋ ਸਕਣ।

- ਵਿੱਤੀ ਯੋਜਨਾ ਵਿੱਚ ਲਗਭਗ $1.7 ਬਿਲੀਅਨ ਓਪਰੇਟਿੰਗ ਅਤੇ ਕੈਪਿਟਲ ਫੰਡਿੰਗ ਦੀ ਸਹਾਇਤਾ ਨਾਲ, 'ਬੀ ਸੀ ਬਿਲਡਸ' ਅਤੇ 'ਬਿਲਡਿੰਗ ਬੀ ਸੀ' ਪ੍ਰੋਗਰਾਮਾਂ ਰਾਹੀਂ ਹਜ਼ਾਰਾਂ ਘਰ ਬਣਨਗੇ, ਜਿਸ ਦੇ ਟੀਚੇ ਵਿੱਚ ਇੰਡੀਜਨਸ ਹਾਊਸਿੰਗ ਫੰਡ ਅਤੇ ਕਮਿਊਨਿਟੀ ਹਾਊਸਿੰਗ ਫੰਡ ਦਾ ਨਿਵੇਸ਼ ਵੀ ਸ਼ਾਮਲ ਹੈ।
    - ਪਬਲਿਕ ਯਾਤਾਯਾਤ ਦੇ ਬੁਨਿਆਦੀ ਢਾਂਚੇ ਦੇ ਨੇੜੇ ਵਧੇਰੇ ਕਿਫ਼ਾਇਤੀ ਹਾਊਸਿੰਗ ਬਣਾਉਣ ਲਈ ਇਸ ਫੰਡਿੰਗ ਵਿੱਚ $394 ਮਿਲੀਅਨ, ਭਵਿੱਖ ਵਿੱਚ ਪਬਲਿਕ ਯਾਤਾਯਾਤ ਦੇ ਵਿਕਾਸ ਦੇ ਪ੍ਰੋਜੈਕਟਾਂ ਦੇ ਨੇੜੇ ਹਜ਼ਾਰਾਂ ਨਵੇਂ ਘਰਾਂ ਲਈ ਜ਼ਮੀਨ ਖਰੀਦਣ ਵਿੱਚ ਮਦਦ ਲਈ ਸ਼ਾਮਲ ਹਨ।
    - ਰੈਪਿਡ ਹਾਊਸਿੰਗ ਇਨੀਸ਼ੀਏਟਿਵ ਦੇ ਤਹਿਤ, ਇੱਕ ਫੈਡਰਲ-ਪ੍ਰੋਵਿੰਸ਼ੀਅਲ ਕੌਸਟ-ਸ਼ੇਅਰ ਪ੍ਰੋਗਰਾਮ ਰਾਹੀਂ, $66 ਮਿਲੀਅਨ ਬੀ.ਸੀ. ਦੇ ਉਹਨਾਂ ਲੋਕਾਂ ਦੀ ਮਦਦ ਕਰੇਗਾ, ਜਿਨ੍ਹਾਂ ਨੂੰ ਘਰ ਦੀ ਫੌਰੀ ਲੋੜ ਹੈ।

- ਹੋਰ $575 ਮਿਲੀਅਨ, ਅਗਲੇ ਤਿੰਨ ਸਾਲਾਂ ਵਿੱਚ, ਹਜ਼ਾਰਾਂ ਵਿਦਿਆਰਥੀਆਂ ਲਈ ਨਵੀਆਂ ਰਿਹਾਇਸ਼ੀ ਥਾਂਵਾਂ ਦੀ ਉਸਾਰੀ ਵਿੱਚ ਮਦਦ ਕਰੇਗਾ, ਜਿਸ ਵਿੱਚ ਲੋਅਰ ਮੇਨਲੈਂਡ, ਸਦਰਨ ਵੈਨਕੂਵਰ ਆਇਲੈਂਡ ਅਤੇ ਥੌਮਸਨ ਓਕਾਨਾਗਨ ਵਿੱਚ ਉੱਚ ਮੰਗ ਵਾਲੇ ਖੇਤਰ ਸ਼ਾਮਲ ਹਨ।

**ਘਰ ਉਪਲਬਧ ਕਰਨਾ ਅਤੇ ਲੋਕਾਂ ਦੀ ਮਦਦ ਕਰਨਾ**

ਬੱਜਟ 2023, ਲੋਕਾਂ ਨੂੰ ਠੋਸ ਮਦਦ ਦੇਣ ਲਈ ਅਤੇ ਅਹਿਮ ਮੁੱਦਿਆਂ ਨੂੰ ਹੱਲ ਕਰਨ ਲਈ ਖਾਸ ਕਾਰਵਾਈਆਂ ਨਿਰਧਾਰਤ ਕਰ ਰਿਹਾ ਹੈ।

ਬੱਜਟ 2023 ਦੇ ਹਿੱਸੇ ਵਜੋਂ, ਨਵੀਆਂ ਕਾਰਵਾਈਆਂ ਵਿੱਚ ਸ਼ਾਮਲ ਹਨ:

- ਅਗਲੇ ਸਾਲ ਤੋਂ, ਜਦੋਂ ਲੋਕ ਆਪਣੇ 2023 ਦੇ ਇਨਕਮ ਟੈਕਸ ਫ਼ਾਈਲ ਕਰਨਗੇ, ਇੱਕ ਨਵਾਂ ਇਨਕਮ-ਟੈਸਟਡ ਰੈਂਟਲ ਟੈਕਸ ਕ੍ਰੈਡਿਟ ਘੱਟ ਆਮਦਨੀ ਵਾਲੇ ਹਜ਼ਾਰਾਂ ਕਿਰਾਏਦਾਰਾਂ ਦੀਆਂ ਜੇਬਾਂ ਵਿੱਚ ਸਲਾਨਾ $400 ਤੱਕ ਵਾਪਸ ਪਾ ਸਕੇਗਾ। ਇਹ ਲੱਗਭਗ 80% ਤੋਂ ਵੱਧ ਕਿਰਾਏ 'ਤੇ ਘਰ ਲੈ ਰਹੇ ਪਰਿਵਾਰਾਂ ਤੱਕ ਪਹੁੰਚਣ ਦੀ ਉਮੀਦ ਹੈ।
- ਘਰਾਂ ਤੋਂ ਬੇਦਖਲੀ ਅਤੇ ਬੇਘਰੀ ਨੂੰ ਰੋਕਣ ਲਈ, ਵਿੱਤੀ ਯੋਜਨਾ ਵਿੱਚ $7 ਮਿਲੀਅਨ ਤੋਂ ਵੱਧ, ਅਹਿਮ ਵਿੱਤੀ ਸਹਾਇਤਾ ਦੇਣ ਲਈ ਬੀ ਸੀ ਰੈਂਟ ਬੈਂਕ ਦੀ ਸਹਾਇਤਾ ਕਰੇਗਾ।
- ਅਗਲੇ ਤਿੰਨ ਸਾਲਾਂ ਵਿੱਚ, $15 ਮਿਲੀਅਨ ਤੋਂ ਵੱਧ ਦੀ ਸਹਾਇਤਾ, ਰਿਹਾਇਸ਼ੀ ਕਿਰਾਏਦਾਰੀ ਸ਼ਾਖਾ (Residential Tenancy Branch) ਵਿੱਚ ਸਟਾਫ ਅਤੇ ਸਮਰੱਥਾ ਵਿੱਚ ਵਾਧਾ ਕਰੇਗੀ ਤਾਂ ਜੋ ਝਗੜਿਆਂ ਨੂੰ ਜਲਦੀ ਸੁਲਝਾਇਆ ਜਾ ਸਕੇ।

ਬਹੁਤ ਸਾਰੇ ਮਕਾਨ ਮਾਲਕ ਬੀ ਸੀ ਦੀ ਹਾਊਸਿੰਗ ਮਾਰਕਿਟ ਵਿੱਚ ਚੁਣੌਤੀਆਂ ਨੂੰ ਸਮਝਦੇ ਹਨ ਅਤੇ ਹੱਲ ਦਾ ਹਿੱਸਾ ਬਣਨਾ ਚਾਹੁੰਦੇ ਹਨ। ਬੱਜਟ 2023 ਦੇ ਹਿੱਸੇ ਵਜੋਂ, ਨਵੇਂ ਨਿਵੇਸ਼ ਰੀਜ਼ੋਨਿੰਗ ਪਾਬੰਦੀਆਂ ਨੂੰ ਘਟਾਉਣ ਅਤੇ ਹੋਰ ਮਲਟੀ-ਯੂਨਿਟ ਘਰਾਂ ਨੂੰ ਉਪਲਬਧ ਕਰਾਉਣ ਲਈ ਲੋੜੀਂਦੇ ਕੰਮ ਵਿੱਚ ਸਹਿਯੋਗੀ ਹੋਣਗੇ, ਅਤੇ ਸੈਕੰਡਰੀ ਸੁਈਟਜ਼ (suites) ਬਣਾਉਣ ਲਈ ਮਕਾਨ ਮਾਲਕਾਂ ਲਈ ਵਿੱਤੀ ਪ੍ਰੋਤਸਾਹਨਾਂ ਦੇ ਨਾਲ ਪਾਇਲਟ ਪ੍ਰੋਜੈਕਟ ਤਿਆਰ ਕਰਨਗੇ।

ਬੱਜਟ 2023 ਰਾਹੀਂ, ਸੂਬਾ ਕਿਸੇ ਖਾਸ ਮਕਸਦ ਲਈ ਤਿਆਰ ਕੀਤੇ ਨਵੇਂ ਕਿਰਾਏ ਦੇ ਮਕਾਨਾਂ ਨੂੰ ਉਤਸ਼ਾਹਤ ਕਰਨ ਲਈ ਇੱਕ ਨਵਾਂ ਪ੍ਰਾਪਰਟੀ ਟ੍ਰਾਂਸਫਰ ਟੈਕਸ ਪ੍ਰੋਤਸਾਹਨ (property transfer tax incentive) ਵੀ ਪੇਸ਼ ਕਰ ਰਿਹਾ ਹੈ।

## ਬੇਘਰੀ ਅਤੇ ਕੈਂਪਾਂ ਨੂੰ ਹੱਲ ਕਰਨ ਲਈ ਕਾਰਵਾਈ

ਰਿਹਾਇਸ਼ੀ ਸਮਰੱਥਾ, ਨਸ਼ੀਲੇ ਪਦਾਰਥਾਂ ਦੇ ਜ਼ਹਿਰੀਲੇਪਨ ਅਤੇ ਕੋਵਿਡ-19 ਮਹਾਂਮਾਰੀ ਦੇ ਸਾਂਝੇ ਸੰਕਟਾਂ ਦੇ ਨਾਲ ਬੇਘਰੀ ਹੋਰ ਵਧੀ ਹੈ। ਬੱਜਟ 2023, ਬੇਘਰੀ ਅਤੇ ਕੈਂਪਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਨਵੇਂ ਅਤੇ ਵਿਸਤ੍ਰਿਤ ਸੁਝਾਵਾਂ ਨਾਲ ਲੋਕਾਂ ਅਤੇ ਭਾਈਚਾਰਿਆਂ ਦੀ ਮਦਦ ਕਰਨ ਲਈ ਕਾਰਵਾਈ ਕਰ ਰਿਹਾ ਹੈ। ਇਸ ਵਿੱਚ, ਸੱਭਿਆਚਾਰਕ ਸੁਰੱਖਿਆ, ਇੰਡੀਜਨਸ ਅਤੇ ਭਾਈਚਾਰਕ ਭਾਈਵਾਲੀ ਨੂੰ ਤਰਜੀਹ ਦੇਣ ਦੀਆਂ ਕਾਰਜਨੀਤੀਆਂ ਅਤੇ ਵਿਭਿੰਨ ਲੋਕਾਂ ਅਤੇ ਉਹਨਾਂ ਦੀਆਂ ਲੋੜਾਂ ਨੂੰ ਸੰਮਿਲਨ ਕਰਨਾ ਸ਼ਾਮਲ ਹੈ।

- 'ਸੁਪੋਰਟਿਵ ਹਾਊਸਿੰਗ ਫੰਡ' ਲਈ ਅਗਲੇ ਤਿੰਨ ਸਾਲਾਂ ਵਿੱਚ $640 ਮਿਲੀਅਨ ਦੀ ਵਾਧੂ ਫੰਡਿੰਗ ਉਹਨਾਂ ਲੋਕਾਂ ਲਈ ਵਧੇਰੇ ਸੁਪੋਰਟਿਵ ਹਾਊਸਿੰਗ ਬਣਾਉਣ ਅਤੇ ਸੰਚਾਲਨ ਕਰਨ ਵਿੱਚ ਮਦਦ ਕਰੇਗੀ ਜੋ ਬੇਘਰ ਹਨ ਜਾਂ ਹੋਣ ਦੇ ਜੋਖਮ ਵਿੱਚ ਹਨ।
- ਵਿੱਤੀ ਯੋਜਨਾ ਵਿੱਚ ਹੋਰ $169 ਮਿਲੀਅਨ ਦੀ ਸਹਾਇਤਾ ਨਾਲ ਨਵੇਂ ਕੌਂਪਲੈਕਸ-ਕੇਅਰ ਹਾਊਸਿੰਗ ਯੂਨਿਟ ਬਣਨਗੇ, ਇਸ ਦੇ ਨਾਲ ਹੀ $97 ਮਿਲੀਅਨ ਦੀ ਓਪਰੇਟਿੰਗ ਫੰਡਿੰਗ, ਕੌਂਪਲੈਕਸ-ਕੇਅਰ ਸੇਵਾਵਾਂ, ਜਿਵੇਂ ਕਿ ਉੱਚਪੱਧਰੀ ਸਿਹਤ, ਮਾਨਸਿਕ-ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਅਨੁਭਵ ਕਰ ਰਹੇ ਲੋਕਾਂ ਲਈ, ਜਿਨ੍ਹਾਂ ਨੂੰ ਰਵਾਇਤੀ ਸੁਪੋਰਟਿਵ ਹਾਊਸਿੰਗ ਤੋਂ ਇਲਾਵਾ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ, ਉਹਨਾਂ ਨੂੰ ਸਿਹਤ, ਮਾਨਸਿਕ-ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਸੇਵਾਵਾਂ ਪ੍ਰਦਾਨ ਕਰਨ ਲਈ ਸਹਾਇਕ ਹੋਵੇਗੀ।
- ਅਗਲੇ ਤਿੰਨ ਸਾਲਾਂ ਵਿੱਚ $228 ਮਿਲੀਅਨ ਤੋਂ ਵੀ ਵੱਧ, ਉਹਨਾਂ ਖੇਤਰੀ ਬਹੁ-ਅਨੁਸ਼ਾਸਨੀ ਟੀਮਾਂ (regional multidisciplinary teams) ਬਣਾਉਣ ਵਿੱਚ ਮਦਦ ਕਰੇਗਾ, ਜਿਹੜੀਆਂ ਭਾਈਚਾਰਿਆਂ ਨੂੰ ਆਪਣੇ ਖੇਤਰ ਵਿੱਚ ਆਸਰੇ ਲਈ ਬਣਾਏ ਅਸਥਾਈ ਕੈਂਪਾਂ ਨਾਲ ਤੇਜ਼ੀ ਨਾਲ ਨਜਿੱਠਣ ਵਿੱਚ ਮਦਦ ਕਰਨਗੀਆਂ।
- ਅਗਲੇ ਤਿੰਨ ਸਾਲਾਂ ਵਿੱਚ, ਲਗਭਗ $44 ਮਿਲੀਅਨ ਅਸਥਾਈ ਮੌਡੂਲਰ ਸੁਪੋਰਟਿਵ ਹਾਊਸਿੰਗ ਤੱਕ ਪਹੁੰਚ ਨੂੰ ਵਧਾਉਣ ਵਿੱਚ ਮਦਦ ਕਰੇਗਾ ਅਤੇ ਕੈਂਪਾਂ ਵਿੱਚ ਰਹਿਣ ਵਾਲੇ ਲੋਕਾਂ ਲਈ, ਰਿਹਾਇਸ਼ਾਂ ਬਣਨ ਤੱਕ, ਉਹਨਾਂ ਦੀ ਰਹਿਣ ਦੀ ਥਾਂ 'ਤੇ ਹੀ ਵਧੇਰੇ ਸਹਾਇਤਾ ਪ੍ਰਦਾਨ ਕਰੇਗਾ, ਜਿਵੇਂ ਕਿ ਅੱਗ ਦੀ ਰੋਕਥਾਮ, ਸੁਰੱਖਿਆ ਅਤੇ ਸੈਨੀਟੇਸ਼ਨ।
- ਵਿੱਤੀ ਯੋਜਨਾ ਵਿੱਚ $109 ਮਿਲੀਅਨ ਦਾ ਹੋਰ ਵਾਧੂ ਹਿੱਸਾ ਸ਼ੈਲਟੇਰ ਅਤੇ ਘੱਟ ਆਮਦਨੀ ਸਹਾਇਤਾ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਵਿੱਚ ਮਦਦ ਕਰੇਗਾ, ਜਿਸ ਵਿੱਚ ਐਮਰਜੈਂਸੀ ਸ਼ੈਲਟਰ, ਰੈਂਟਲ ਅਸਿਸਟੈਂਸ ਪ੍ਰੋਗਰਾਮ (RAP) ਅਤੇ ਬਜ਼ੁਰਗਾਂ ਲਈ ਸ਼ੈਲਟੇਰ ਏਡ ਪ੍ਰੋਗਰਾਮ (SAFER) ਸ਼ਾਮਲ ਹਨ, ਤਾਂ ਜੋ ਵਧੇਰੇ ਲੋਕ ਇਹਨਾਂ ਜ਼ਰੂਰੀ ਸਹਾਇਤਾਵਾਂ ਤੱਕ ਪਹੁੰਚ ਕਰ ਸਕਣ।
- ਸੂਬੇ ਦੀ ਮਹਾਂਮਾਰੀ ਪ੍ਰਤੀਕ੍ਰਿਆ ਦੇ ਹਿੱਸੇ ਵਜੋਂ ਕਿਰਾਏ ਵਾਲੀਆਂ ਅਸਥਾਈ ਥਾਂਵਾਂ 'ਤੇ ਰਹਿੰਦੇ ਲੋਕਾਂ ਲਈ, ਵਿੱਤੀ ਯੋਜਨਾ ਵਿੱਚੋਂ ਵੱਧ ਤੋਂ ਵੱਧ $182 ਮਿਲੀਅਨ ਤੱਕ, ਹੋਰ ਵਧੇਰੇ ਸਥਾਈ ਰਿਹਾਇਸ਼ੀ ਹੱਲ ਲੱਭਣ ਸਮੇਤ, ਨਿਰੰਤਰ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ।